BC Centre for Disease Control
Provincial Health Services Authority

Clinical Prevention Services
Provincial STI/HIV Clinic

655 West 12th Avenue
Vancouver, BC V5Z 4R4

Tel 604.707.5600
Fax 604.707.5604

www.bccdc.ca
www.SmartSexResource.com

# ਸੈਫ਼ਟ੍ਰਾਇਐਕਸੋਨ
# Ceftriaxone

ਸੈਫ਼ਟ੍ਰਾਇਐਕਸੋਨ ਮਾਸਪੇਸ਼ੀ ਵਿੱਚ ਟੀਕੇ ਨਾਲ ਲਗਾਇਆ ਇੱਕ ਐਂਟੀਬਾਇਓਟਿਕ ਹੈ ਜਿਸ ਨੂੰ ਜਿਨਸੀ ਸੰਬੰਧਾਂ ਕਾਰਣ ਫੈਲਣ ਵਾਲੀਆਂ ਕੁਝ ਇਨਫ਼ੈਕਸ਼ਨਾਂ (ਐੱਸ.ਟੀ.ਆਈ.'ਜ਼) ਦੇ ਇਲਾਜ ਲਈ ਇਸਤੇਮਾਲ ਕੀਤਾ ਜਾਂਦਾ ਹੈ।

## ਐਲਰਜੀਆਂ (Allergies)

- ਜੇ ਤੁਹਾਡਾ **ਐਨਾਫ਼ਿਲੈਕਟਿਕ ਐਲਰਜੀ** (ਤੀਬਰ ਐਲਰਜੀ ਜੋ ਜਾਨਲੇਵਾ ਵੀ ਹੋ ਸਕਦੀ ਹੈ) **ਜਾਂ** ਪੈਨਸੀਲਿਨ ਵੀ-ਕੇ, ਐਮੌਕਸੀਲਿਨ (Amoxil® – ਐਮੌਕਸਿਲ) ਜਿਹੇ ਪੈਨਸੀਲਿਨ ਐਂਟੀਬਾਇਓਟਿਕ ਜਾਂ ਸੀਫ਼ਿਕਸੀਮ (Suprax® – ਸੁਪਰੈਕਸ), ਸੈਫ਼ਟ੍ਰੀਐਕਸੋਨ (Rocephin® – ਰੋਸਫ਼ਿਨ) ਜਿਹੇ ਸੈਫ਼ਲੌਸਪੋਰਿਨ ਐਂਟੀਬਾਇਓਟਿਕ ਪ੍ਰਤੀ **ਤੁਰੰਤ ਰੀਐਕਸ਼ਨ ਦਾ ਪਿਛੋਕੜ ਹੈ** ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ।

- ਜੇ ਤੁਹਾਨੂੰ ਲੀਡੋਕੇਨ ਜਾਂ ਪ੍ਰਾਈਲੋਕੇਨ ਜਿਹੇ ਅਮਾਈਡ ਕਿਸਮ ਦੇ ਐਨਸਥੈਟਿਕ (ਸਰੀਰ ਦੇ ਕਿਸੇ ਇੱਕ ਹਿੱਸੇ ਨੂੰ ਸੁੰਨ ਕਰਨ ਵਾਲੀਆਂ ਦਵਾਈਆਂ ਦੀ ਕਿਸਮ) ਤੋਂ ਐਲਰਜੀ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ (ਕਿਉਂਕਿ ਟੀਕੇ ਵਾਲੀ ਥਾਂ 'ਤੇ ਦਰਦ ਘਟਾਉਣ ਲਈ ਲੀਡੋਕੇਨ ਵਿੱਚ ਸੈਫ਼ਟ੍ਰਾਈਐਕਸੌਨ ਮਿਲਾਇਆ ਜਾਂਦਾ ਹੈ)।

## ਗਰਭਕਾਲ ਅਤੇ ਆਪਣਾ ਦੁੱਧ ਚੁੰਘਾਉਣਾ (Pregnancy and Chest/Breastfeeding)

ਹੋ ਸਕਦਾ ਹੈ ਕਿ ਗਰਭਕਾਲ ਅਤੇ ਬੱਚੇ ਨੂੰ ਆਪਣਾ ਦੁੱਧ ਚੁੰਘਾਉਣ ਦੇ ਸਮੇਂ ਦੌਰਾਨ ਸੈਫ਼ਟ੍ਰਾਇਐਕਸੋਨ ਨੂੰ ਸਾਵਧਾਨੀ ਨਾਲ ਇਸਤੇਮਾਲ ਕੀਤਾ ਜਾ ਸਕੇ। ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ।

## ਸਾਵਧਾਨੀ (CAUTION)

- **ਦੂਜੀਆਂ ਦਵਾਈਆਂ ਉੱਪਰ ਪ੍ਰਭਾਵ:** ਜੇ ਤੁਸੀਂ ਕੋਈ ਪ੍ਰਿਸਕ੍ਰਿਪਸ਼ਨ, ਗ਼ੈਰ-ਪ੍ਰਿਸਕ੍ਰਿਪਸ਼ਨ, ਹਰਬਲ, ਜਾਂ ਮਨ-ਪਰਚਾਵੇ ਵਾਲੇ ਕੋਈ ਉਤਪਾਦ ਇਸਤੇਮਾਲ ਕਰ ਰਹੇ ਹੋ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ। ਇਸ ਦਸਤਾਵੇਜ਼ ਵਿੱਚ ਹਰ ਕਿਸਮ ਦੀ ਦਵਾਈ ਉੱਪਰ ਪੈਣ ਵਾਲੇ ਪ੍ਰਭਾਵਾਂ ਬਾਰੇ ਨਹੀਂ ਦੱਸਿਆ ਗਿਆ।

- ਜੇ ਤੁਹਾਨੂੰ ਪਿੱਤੇ (ਗੌਲ-ਬਲੈਡਰ), ਗੁਰਦੇ, ਪੈਨਕ੍ਰੀਆਜ਼ ਜਾਂ ਖ਼ੂਨ ਵਗਣ ਸੰਬੰਧੀ ਕੋਈ ਵਿਗਾੜ ਹੈ ਜਾਂ ਪੇਟ ਵਿੱਚ ਗੜਬੜੀ, ਵਿਸ਼ੇਸ਼ ਤੌਰ 'ਤੇ ਕੋਲਾਈਟਿਸ (ਵੱਡੀ ਆਂਦਰ ਦੀ ਸੋਜਿਸ਼) ਦਾ ਪਿਛੋਕੜ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ।

- ਸੈਫ਼ਟ੍ਰਾਇਐਕਸੋਨ ਨਾਲ ਹੇਠ ਲਿਖੀਆਂ ਦਵਾਈਆਂ ਨਾ ਲਓ:
  - ਮੂੰਹ ਰਾਹੀਂ ਲਈ ਜਾਣ ਵਾਲੀ ਟਾਈਫ਼ਾਇਡ ਦੀ ਵੈਕਸੀਨ (Vivotif® – ਵੀਵੋਟਿਫ਼)
- ਸੈਫ਼ਟ੍ਰਾਇਐਕਸੋਨ ਪਿਸ਼ਾਬ ਵਿੱਚ ਗਲੂਕੋਸ ਦੀ ਜਾਂਚ ਕਰਨ ਵਾਲੇ ਟੈਸਟਾਂ ਲਈ ਰੁਕਾਵਟ ਬਣ ਸਕਦੀ ਹੈ। (ਕਲੀਨੀਟੈਸਟ – Clinitest®)
- ਗਰਭਕਾਲ ਪੂਰਾ ਕਰਨ ਤੋਂ ਪਹਿਲਾਂ ਜਨਮੇ ਬੱਚਿਆਂ ਜਾਂ ਇੱਕ ਮਹੀਨੇ ਤੋਂ ਘੱਟ ਉਮਰ ਵਾਲੇ ਉਹ ਬੱਚੇ ਜਿਨ੍ਹਾਂ ਦੇ ਖ਼ੂਨ ਵਿੱਚ "ਬਿਲੀਰੂਬਿਨ" ਦੀ ਵੱਧ ਮਿਕਦਾਰ ਹੁੰਦੀ ਹੈ, ਉਨ੍ਹਾਂ ਨੂੰ ਸੈਫ਼ਟ੍ਰਾਇਐਕਸੋਨ ਨਹੀਂ ਦਿੱਤੀ ਜਾਂਦੀ।

# ਸੈਫ਼ਟ੍ਰਾਇਐਕਸੋਨ (ਜਾਰੀ)
# Ceftriaxone (cont'd)

## ਮਾੜੇ ਪ੍ਰਭਾਵ (Side Effects)

- ਟੀਕੇ ਵਾਲੀ ਥਾਂ 'ਤੇ ਤੁਹਾਨੂੰ ਬੇਅਰਾਮੀ, ਲਾਲੀ ਜਾਂ ਸੋਜਿਸ਼ ਦਾ ਅਨੁਭਵ ਹੋ ਸਕਦਾ ਹੈ।
- ਤੁਹਾਨੂੰ ਚਮੜੀ ਉੱਪਰ ਧੱਫੜ ਜਾਂ ਦਸਤ ਲੱਗ ਸਕਦੇ ਹਨ।
- ਜੇ ਇਨ੍ਹਾਂ ਵਿੱਚੋਂ ਕੋਈ ਵੀ ਪ੍ਰਭਾਵ ਜਾਰੀ ਰਹੇ ਜਾਂ ਬਦਤਰ ਹੋ ਜਾਵੇ ਤਾਂ ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।

## ਟ੍ਰੀਟਮੈਂਟ ਤੋਂ ਬਾਅਦ ਦੀ ਦੇਖਭਾਲ (Care Following Treatment)

- ਟੀਕਾ ਲੱਗਣ ਤੋਂ ਬਾਅਦ ਕਿਰਪਾ ਕਰਕੇ 15 ਮਿੰਟ ਕਲੀਨਿਕ ਵਿੱਚ ਇੰਤਜ਼ਾਰ ਕਰੋ।
- ਟ੍ਰੀਟਮੈਂਟ ਤੋਂ ਬਾਅਦ ਜੇ ਤੁਹਾਨੂੰ ਕੋਈ ਵੀ ਰੀਐਕਸ਼ਨ ਹੋਵੇ (ਜਿਵੇਂ ਕਿ ਧੱਫੜ, ਖਾਜ, ਸਾਹ ਲੈਣ ਵਿੱਚ ਤਕਲੀਫ਼) ਤਾਂ ਕਿਰਪਾ ਕਰਕੇ ਤੁਰੰਤ ਕਿਸੇ ਸਟਾਫ਼ ਮੈਂਬਰ ਨੂੰ ਸੂਚਿਤ ਕਰੋ।
- ਜੇ ਇਹ ਲੱਛਣ ਕਲੀਨਿਕ ਵਿੱਚੋਂ ਚਲੇ ਜਾਣ ਤੋਂ ਬਾਅਦ ਸਾਹਮਣੇ ਆਉਣ ਤਾਂ ਕਿਰਪਾ ਕਰਕੇ ਤੁਰੰਤ ਮੈਡੀਕਲ ਸਹਾਇਤਾ ਲਓ।

## ਵਿਸ਼ੇਸ਼ ਹਿਦਾਇਤਾਂ (Special Instructions)

- ਉਦੋਂ ਤਕ ਸੰਭੋਗ ਨਾ ਕਰੋ ਜਦੋਂ ਤਕ:
  - ਤੁਹਾਨੂੰ ਸੈਫ਼ਟ੍ਰਾਇਐਕਸੋਨ ਟ੍ਰੀਟਮੈਂਟ ਪੂਰਾ ਕੀਤੇ ਹੋਏ ਇੱਕ ਹਫ਼ਤਾ ਨਹੀਂ ਹੋ ਜਾਂਦਾ; **ਅਤੇ**
  - ਤੁਹਾਡੇ ਕਾਮੁਕ ਸਾਥੀ(ਆਂ) ਦਾ ਇਲਾਜ ਮੁਕੰਮਲ ਹੋਏ ਨੂੰ ਇੱਕ ਹਫ਼ਤਾ ਨਹੀਂ ਹੋ ਜਾਂਦਾ, ਭਾਵੇਂ ਉਨ੍ਹਾਂ ਦੇ ਟੈਸਟ ਦੇ ਨਤੀਜੇ ਨਾਂਹ-ਪੱਖੀ (ਨੈਗੇਟਿਵ) ਹੀ ਹੋਣ।
- ਜੇ ਤੁਸੀਂ ਅਜਿਹੇ ਸਾਥੀ ਨਾਲ ਸੰਭੋਗ ਕਰ ਰਹੇ ਹੋ ਜਿਸ ਦਾ ਇਲਾਜ ਨਹੀਂ ਕੀਤਾ ਗਿਆ ਜਾਂ ਤੁਸੀਂ ਆਪਣਾ ਜਾਂ ਆਪਣੇ ਸਾਥੀ ਦਾ ਟ੍ਰੀਟਮੈਂਟ ਮੁਕੰਮਲ ਹੋਣ ਤੋਂ ਪਹਿਲਾਂ ਸੰਭੋਗ ਕਰਦੇ ਹੋ ਤਾਂ ਤੁਹਾਨੂੰ ਦੁਬਾਰਾ ਟ੍ਰੀਟਮੈਂਟ ਕਰਵਾਉਣ ਦੀ ਲੋੜ ਪਵੇਗੀ। ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ।

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ ਜ਼ਿਆਦਾ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ www.smartsexresource.com 'ਤੇ ਜਾਓ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।